## ਆਪਣਾ ਭਵਿੱਖ ਭਰਤੀ ਕਰ ਰਹੇ ਹਾਂ ...ਅੱਜ ।

ਹੈਮਿਲਟਨ ਪੁਲੀਸ ਵਿਭਾਗ ਜਿਹੜੀਆਂ ਬਹੁ ਭਾਂਤੀ ਬਰਾਦਰੀਆਂ ਨੂੰ ਸੇਵਾ ਪ੍ਰਦਾਨ ਕਰਦੀ ਹੈ, ਉਹਨਾਂ ਦੀ ਪ੍ਰਤੀਨਿਧਤਾ ਕਰਨ ਲਈ ਵਚਨਬੱਧ ਹੈ । ਅਸੀਂ ਉਹਨਾਂ ਉਮੀਦਵਾਰਾਂ ਦੀ ਭਾਲ਼ ਵਿੱਚ ਹਾਂ ਜਿਹੜੇ ਕਿ ਪੁਲੀਸ ਅਫ਼ਸਰ ਦੇ ਚਣੌਤੀ ਭਰੇ ਅਤੇ ਲਾਹੇਵੰਦੇ ਕਿੱਤੇ ਰਾਹੀਂ ਆਪਣੇ ਇਲਾਕੇ ਦੀ ਸੇਵਾ ਦਾ ਸ਼ੌਕ ਰੱਖਦੇ ਹਨ ।

### ਘੱਟੋ ਘੱਟ ਸ਼ਰਤਾਂ:

- ਕੈਨੇਡੀਅਨ ਨਾਗਰਿਕ ਜਾਂ ਕੈਨੇਡਾ ਦਾ ਪੱਕਾ ਵਸਨੀਕ ਹੋਣਾ
- ਉਮਰ ਘੱਟੋ ਘੱਟ 18 ਸਾਲ ਹੋਵੇ
- ਸਰੀਰਕ ਅਤੇ ਮਾਨਸਿਕ ਤੌਰ ਤੇ ਇਸ ਅਹੁਦੇ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਦੇ ਯੋਗ ਹੋਵੇ
- ਘੱਟੋ ਘੱਟ ਸੈਕੰਡਰੀ ਸਕੂਲ ਦੀ 4 ਸਾਲ ਦੀ ਪੜ੍ਹਾਈ ਸਫ਼ਲਤਾ ਪੂਰਵਕ ਪੂਰੀ ਕੀਤੀ ਹੋਵੇ ਜਾਂ ਇਸ ਦੇ ਬਰਾਬਰ ਦੀ ਪੜ੍ਹਾਈ ਕੀਤੀ ਹੋਵੇ
- ਚੰਗੇ ਆਚਰਨ ਵਾਲ਼ਾ ਹੋਵੇ
- ਜਿਸ ਕੋਲ ਯੋਗ ਡ੍ਰਾਈਵਰ ਲਸੰਸ ਹੋਵੇ, ਜਿਸ ਦੇ ਅਧੀਨ ਦੋਸ਼ ਵਾਲ਼ੇ 6 ਤੋਂ ਵੱਧ ਅੰਕ ਜਮ੍ਹਾਂ ਨਾ ਹੋਏ ਹੋਣ, ਉਸਨੂੰ ਉਨਟੈਰੀਓ ਵਿੱਚ ਪੂਰੇ ਅਧਿਕਾਰਾਂ ਨਾਲ਼ ਗੱਡੀ ਚਲਾਉਣ ਦੀ ਇਜਾਜ਼ਤ ਹੋਵੇ
- ਸਾਡੇ ਵਲੋਂ ਨੌਕਰੀ ਦੀ ਪੇਸ਼ਕਸ਼ ਮਿਲਣ ਤੱਕ ਸੀ. ਪੀ. ਆਰ. ਅਤੇ ਫ਼ਸਟ-ਏਡ ਦੇ ਮੌਜੂਦਾ ਸਰਟੀਫ਼ਿਕੇਟ ਹੋਣ
- ਜਿਸਨੇ ਕਿ ਉਮੀਦਵਾਰ ਟੈਸਟਿੰਗ ਸੇਵਾਵਾਂ www.applicanttesting.com ਅਧੀਨ, ਉਨਟੈਰੀਓ ਐਸੋਸੀਏਸ਼ਨ ਆਫ਼ ਚੀਫ਼ਸ ਆਫ਼ ਪੁਲੀਸ, ਕਾਂਸਟੇਬਲ ਦੀ ਚੋਣ ਵਿਵਸਥਾ ਦੀ ਇੰਟਰਵਿਊ ਤੋਂ ਪਹਿਲੇ, ਮਲਾਂਕਣ ਦੌਰ 'ਚੋਂ ਸਫ਼ਲਤਾ ਪ੍ਰਾਪਤ ਕੀਤੀ ਹੋਵੇ

### ਸਥਾਨਕ ਸ਼ਰਤਾਂ:

- ਨਿੱਜੀ ਉੱਨਤੀ ਜਾਂ ਨਿਰਵਿਘਨ ਬਿਹਤਰੀ ਰਾਹੀਂ ਨਿੱਜੀ ਵਿਕਾਸ ਲਈ ਵਚਨਬੱਧਤਾ
- ਕੰਮ / ਪੜ੍ਹਾਈ ਵਿੱਚ ਸੰਤੁਲਨ
- ਵਾਲੰਟੀਅਰ (ਸਵੈ-ਇੱਛਤ ਸੇਵਾਵਾਂ ) ਲਈ ਵਚਨਬੱਧਤਾ ਅਤੇ/ ਜਾਂ ਆਪਣੇ ਇਲਾਕੇ ਲਈ ਵਚਨਬੱਧਤਾ

**ਸਾਡੀ ਪੁਲੀਸ ਸੇਵਾ ਦੇ ਮੈਂਬਰ ਅਤੇ ਸਾਡੇ ਭਾਈਚਾਰੇ ਦੇ ਮੈਂਬਰ ਸਾਰੇ ਉਮੀਦਵਾਰਾਂ ਨੂੰ ਸਲਾਹ ਦੇਣ ਵਾਲ਼ੇ ਸੈਸ਼ਨਾਂ ਲਈ ਹਾਜ਼ਰ ਹਨ**

ਜਾਣਕਾਰੀ ਲਈ ਕ੍ਰਿਪਾ ਕਰਕੇ ਸਾਡੇ ਭਰਤੀ ਕਰਨ ਵਾਲੇ ਦਫ਼ਤਰ ਨੂੰ 905 546 4855 ਤੇ ਫੋਨ ਕਰੋ ਜਾਂ recruiting@hamiltonpolice.on.ca ਤੇ ਜਾਓ ।

ਆਪਣਾ ਭਵਿੱਖ ਭਰਤੀ ਕਰ ਰਹੇ ਹਾਂ ...ਅੱਜ ।